**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ.ਨਗਰ**

**(ਸੇਵਾਵਾਂ-1 ਸਾਖਾ)**

ਸੇਵਾ ਵਿਖੇ

ਆਮ ਜਾਣਕਾਰੀ
ਨਾਮ ਬੋਧ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ ਰਾਜ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਪੰਜਾਬ ਰਾਜ।
3. ਡਿਪਟੀ ਡਾਇਰੈਕਟਰ ਰਾਜ ਸਾਇੰਸ ਸਿੱਖਿਆ ਸੰਸਥਾ।
4. ਡਿਪਟੀ ਡਾਇਰੈਕਟਰ ਗਾਇਡੈਂਸ ਬਿਊਰੋ, ਪੰਜਾਬ।
5. ਸਮੂਹ ਪ੍ਰਿੰਸੀਪਲ ਡਾਇਟਸ।
6. ਸਮੂਹ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ।
7. ਸਮੂਹ ਪ੍ਰਿੰਸੀਪਲ, ਸਰਕਾਰੀ ਕਾਲਜ (ਪੰਜਾਬ)।
8. ਸਲਾਹਕਾਰ ਤਕਨੀਕੀ ਸਿੱਖਿਆ।
9. ਖੇਤੀਬਾੜੀ ਸਹਾਲਕਾਰ, ਸਿੱਖਿਆ ਵਿਭਾਗ।
10. ਲਾਇਬ੍ਰੇਰੀਅਨ ਸਟੇਟ ਲਾਇਬ੍ਰੇਰੀ, ਪਟਿਆਲਾ।

ਮੀਮੋ ਨੰ: 14/36-2011 ਸੇ1(3)

ਮਿਤੀ: 12/10/15

ਵਿਸ਼ਾ:- **ਸਿੱਖਿਆ ਵਿਭਾਗ ਪੰਜਾਬ ਵਿੱਚ ਕਲਰਕਾਂ ਦੀ ਬਦਲੀ ਰਾਹੀਂ ਨਿਯੁਕਤੀਆਂ ਕਰਨ ਬਾਰੇ।**

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 14/36-2011 ਸੇ1(3) ਮਿਤੀ 21.09.15 ਦੇ ਹਵਾਲੇ ਵਿੱਚ।

ਸਿੱਖਿਆ ਵਿਭਾਗ, ਪੰਜਾਬ ਦੇ ਮੁੱਖ ਦਫਤਰ ਵਿੱਚ ਕਲਰਕਾਂ ਦੀਆਂ ਕੁੱਝ ਖਾਲੀ ਅਸਾਮੀਆਂ ਨੂੰ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ ਵਿਚੋਂ ਬਦਲੀ ਰਾਹੀਂ ਭਰਨ ਦਾ ਫੈਸਲਾ ਕਰਦੇ ਹੋਏ ਚਾਹਵਾਨ ਉਮੀਦਵਾਰਾਂ ਤੋਂ ਹਵਾਲਾ ਅਧੀਨ ਪੱਤਰ ਰਾਹੀਂ ਮਿਤੀ 30.09.2015 ਤੱਕ ਪ੍ਰਤੀ ਬੇਨਤੀਆਂ ਮੰਗੀਆ ਗਈਆਂ ਸਨ। ਅਧੀਨ ਦਫਤਰਾਂ ਤੋਂ ਮੁੱਖ ਦਫਤਰ ਵਿਖੇ ਆਉਣ ਲਈ ਚਾਹਵਾਨ ਉਮੀਦਵਾਰਾਂ ਤੋਂ ਪ੍ਰਾਪਤ ਪ੍ਰਤੀ ਬੇਨਤੀਆਂ ਨੂੰ ਵਿਚਾਰਦੇ ਹੋਏ, ਇਨ੍ਹਾਂ ਦਾ ਕੰਪਿਊਟਰ ਟਾਈਪ ਟੈਸਟ ਮਿਤੀ 16.10.2015 ਨੂੰ ਸਵੇਰੇ 11.00 ਵਜੇ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜੇਕਰ ਕੋਈ ਹੋਰ ਉਮੀਦਵਾਰ ਜੋ ਅਧੀਨ ਦਫਤਰਾਂ ਤੋਂ ਮੁੱਖ ਦਫਤਰ ਵਿਖੇ ਆਉਣ ਦਾ ਚਾਹਵਾਨ ਹੈ ਤਾਂ ਉਹ ਆਪਣੀ ਪ੍ਰਤੀ ਬੇਨਤੀ ਮਿਤੀ 16.10.2015 ਤੋਂ ਪਹਿਲਾਂ ਪਹਿਲਾਂ ਦਫਤਰ ਡੀ.ਪੀ.ਆਈ. (ਸੈਸਿ) ਪੰਜਾਬ ਦੀ ਸੇਵਾਵਾਂ-1 ਸਾਖਾ ਵਿੱਚ ਹਰ ਪੱਖ ਤੋਂ ਮੁਕੰਮਲ ਕਰਕੇ ਦੇ ਸਕਦਾ ਹੈ। ਇਹ ਅਸਾਮੀਆਂ ਸਰਕਾਰੀ ਹਦਾਇਤਾਂ ਅਨੁਸਾਰ ਭਰੀਆਂ ਜਾਣੀਆਂ ਹਨ। ਸਿੱਖਿਆ ਵਿਭਾਗ, ਪੰਜਾਬ ਵਿੱਚ ਬਦਲੀ ਰਾਹੀਂ ਕਲਰਕ ਦੀ ਅਸਾਮੀ ਤੇ ਨਿਯੁਕਤੀ ਲਈ ਉਮੀਦਵਾਰ ਨੂੰ ਹੇਠ ਲਿਖੀਆਂ ਯੋਗਤਾਵਾਂ/ਤਜਰਬਾ ਉਪਰੋਕਤ ਹਵਾਲਾ ਅਧੀਨ ਪੱਤਰ ਵਿੱਚ ਦਰਸਾਏ ਅਨੁਸਾਰ ਹੋਣਗੀਆਂ।

ਇਸ ਲਈ ਆਪ ਦੇ ਅਧੀਨ ਕੰਮ ਕਰਦੇ ਕਲਰਕਾਂ ਨੂੰ ਉਕਤ ਦੱਸੇ ਅਨੁਸਾਰ ਕੰਪਿਊਟਰ ਟਾਈਪ ਟੈਸਟ ਦੇਣ ਲਈ ਦਫਤਰ ਡੀ.ਪੀ.ਆਈ. (ਸੈਸਿ) ਪੰਜਾਬ (ਚੌਥੀ ਮੰਜਿਲ) ਐਸ.ਏ.ਐਸ.ਨਗਰ ਵਿਖੇ ਹਾਜਰ ਹੋਣ ਦੀ ਹਦਾਇਤ ਕੀਤੀ ਜਾਵੇ। ਟੈਸਟ ਦੇਣ ਲਈ ਆਉਣ ਵਾਲੇ ਕਰਮਚਾਰੀ ਨੂੰ ਕੋਈ ਟੀ.ਏ/ਡੀ.ਏ. ਨਹੀਂ ਮਿਲੇਗਾ।

ਪਰਮਜੀਤ ਸਿੰਘ
ਡਾਇਰੈਕਟਰ ਪ੍ਰਸਾਸਨ